# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

## ਤਿਕਸ਼ਨ ਸੂਦ ਨੇ ਵਾਰਡ ਨੰ: 7 ਦੇ ਮੁਹੱਲਾ ਈਸ਼ ਨਗਰ ਦੇ ਵਿਕਾਸ ਕਾਰਜਾਂ ਅਤੇ ਮੁਸ਼ਕਲਾਂ ਸਬੰਧੀ ਜਾਣਕਾਰੀ ਲਈ

ਹੁਸ਼ਿਆਰਪੁਰ 22 ਮਈ ਸ਼ਹਿਰ ਦੇ ਵੱਖ-ਵੱਖ ਵਾਰਡਾਂ ਦੀਆਂ ਮੁਸ਼ਕਲਾਂ ਦੀ ਜਾਣਕਾਰੀ ਲੈਣ ਸਬੰਧੀ ਹਰ ਰੋਜ਼ ਸਵੇਰੇ 6.30 ਵਜੇ ਤੋਂ 7.30 ਵਜੇ ਤੱਕ ਮੇਅਰ ਸ਼ਿਵ ਸੂਦ ਵੱਲੋਂ ਰੋਜਾਨਾ ਇਕ ਵਾਰਡ ਵਿਚ ਕੀਤੇ ਜਾ ਰਹੇ ਦੌਰੇ ਦੀ ਮੁਹਿੰਮ ਵਿਚ ਅੱਜ ਮੁੱਖ ਮੰਤਰੀ ਪੰਜਾਬ ਦੇ ਰਾਜਨੀਤੀਕ ਸਲਾਹਕਾਰ ਤਿਕਸ਼ਨ ਸੂਦ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ ਅਤੇ ਉਹਨਾਂ ਨੇ ਵਾਰਡ ਨੰ: 7 ਦੇ ਕੌਂਸਲਰ ਸ੍ਰੀਮਤੀ ਰਾਕੇਸ਼ ਸੂਦ ਨੇ ਨਾਲ ਲੈ ਕੇ ਮੁਹੱਲਾ ਈਸ਼ ਨਗਰ ਦਾ ਦੌਰਾ ਕੀਤਾ ਅਤੇ ਮੁਹੱਲਾ ਵਾਸੀਆਂ ਨਾਲ ਕੀਤੇ ਜਾ ਰਹੇ ਵਿਕਾਸ ਕੰਮਾਂ ਅਤੇ ਮੁਸ਼ਕਲਾਂ ਸਬੰਧੀ ਗੱਲ ਬਾਤ ਕੀਤੀ। ਮੁਹੱਲਾ ਵਾਸੀਆਂ ਨੇ ਨਗਰ ਨਿਗਮ ਵੱਲੋਂ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਗਲੀਆਂ, ਨਾਲੀਆਂ, ਪੀਣ ਵਾਲੇ ਪਾਣੀ ਅਤੇ ਸੀਵਰੇਜ਼ ਆਦਿ ਦੀ ਕੀਤੀ ਗਈ ਵਿਵਸਥਾ ਸਬੰਧੀ ਤਸੱਲੀ ਪ੍ਰਗਟ ਕੀਤੀ ਅਤੇ ਉਹਨਾਂ ਦਾ ਧੰਨਵਾਦ ਕੀਤਾ। ਉਹਨਾਂ ਦੱਸਿਆ ਕਿ ਉਹਨਾਂ ਦੇ ਮੁਹੱਲੇ ਵਿਚ ਲਗੇ ਬਿਜਲੀ ਬੋਰਡ ਵੱਲੋਂ ਲਗਾਏ ਗਏ ਬਿਜਲੀ ਦੇ ਮੀਟਰਾਂ ਦਾ ਬਕਸਾ ਕਾਫੀ ਖਰਾਬ ਹਾਲਤ ਵਿਚ ਹੈ ਅਤੇ ਕੁਝ ਤਾਰਾਂ ਵੀ ਖਰਾਬ ਹੈ, ਜਿਨ੍ਹਾਂ ਨੂੰ ਬਦਲਾਇਆ ਜਾਵੇ। ਉਹਨਾਂ ਦੱਸਿਆ ਕਿ ਉਹਨਾਂ ਦੇ ਮੁਹੱਲੇ ਦੀ ਸੜਕ ਦੇ ਇਕ ਕਿਨਾਰੇ ਤੇ ਪਾਣੀ ਖੜਾ ਰਹਿੰਦਾ ਹੈ। ਜਿਸ ਦੀ ਨਿਕਾਸੀ ਲਈ ਰੋਡ ਗਲੀ ਬਣਾਈ ਜਾਵੇ। ਸ੍ਰੀ ਸੂਦ ਨੇ ਇਸ ਸਬੰਧੀ ਮੌਕੇ ਤੇ ਹਾਜ਼ਰ ਕਾਰਜ ਸਾਧਕ ਰਮੇਸ਼ ਕੁਮਾਰ ਨੂੰ ਲੋੜੀਂਦੀ ਕਾਰਵਾਈ ਕਰਨ ਦੇ ਆਦੇਸ਼ ਦਿੱਤੇ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ, ਵਾਰਡ ਨੰ: 7 ਦੇ ਕੌਂਸਲਰ ਰਾਕੇਸ਼ ਸੂਦ, ਕਾਰਜ ਸਾਧਕ ਅਫ਼ਸਰ ਰਮੇਸ਼ ਕੁਮਾਰ, ਵਿਨੋਦ ਪਰਮਾਰ, ਕੌਂਸਲਰ ਰਮੇਸ਼ ਠਾਕੁਰ, ਅਸ਼ੋਕ ਕੁਮਾਰ, ਪ੍ਰਮੋਦ ਸੂਦ, ਯਸ਼ਪਾਲ ਸ਼ਰਮਾ, ਵੀ.ਡੀ ਸੂਦ, ਅਜੀਤ ਕੁਮਾਰ ਪਰਾਸ਼ਰ, ਪ੍ਰੇਮ ਕੁਮਾਰ ਸ਼ਰਮਾ, ਏ.ਕੇ ਸੂਦ, ਜਤਿਨ ਜੈਨ, ਸੁਨੀਤਾ ਅਤਰੀ, ਫਕੀਰ ਚੰਦ ਕੌਸ਼ਲ, ਜਗਦੀਪ ਵੈਦ, ਅਮ੍ਰਿਤ ਵੈਦ, ਲਕਸ਼ਮੀ ਨਰਾਇਣ, ਇੰਦੂ ਜੈਨ, ਰਾਮ ਕਿਸ਼ਨ, ਗੰਗਾ ਵਿਸ਼ਨੂੰ ਮਰਵਾਹਾ, ਰਾਮ ਕਿਸ਼ਨ ਦੁਬੇ, ਡਾ. ਸ਼ਗਨ ਕੁਮਾਰ ਅਤੇ ਮੁਹੱਲਾ ਵਾਸੀ ਵੀ ਇਸ ਮੌਕੇ ਤੇ ਹਾਜ਼ਰ ਸਨ।